## Random Assesment Tool-I (CEP)

## Class- 6th

**ਪ੍ਰਸ਼ਨ: (1-5) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:**

ਕਬੀਰ ਜੀ ਦਾ ਜਨਮ ਪੰਦਰ੍ਹਵੀਂ ਸਦੀ ਵਿੱਚ ਹੋਇਆ। ਆਪ ਦੇ ਮਾਤਾ-ਪਿਤਾ ਕੱਪੜਾ ਬੁਣਨ ਦਾ ਕੰਮ ਕਰਦੇ ਸਨ। ਇਹ ਉਹ ਸਮਾਂ ਸੀ ਜਦੋਂ ਜਾਤ-ਪਾਤ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਬੜੀ ਨਮੋਸ਼ੀ ਵਾਲ਼ਾ ਜੀਵਨ ਬਤੀਤ ਕਰਨਾ ਪੈਂਦਾ ਸੀ। ਇਹਨਾਂ ਨੂੰ ਪੜ੍ਹਾਈ-ਲਿਖਾਈ ਨਹੀਂ ਸੀ ਕਰਨ ਦਿੱਤੀ ਜਾਂਦੀ। ਨਾ ਹੀ ਕੋਈ ਇਹਨਾਂ ਨੂੰ ਸਿੱਖਿਆ ਦੇਣ ਲਈ ਤਿਆਰ ਸੀ। ਕਬੀਰ ਜੀ ਜਦੋਂ ਵੱਡੇ ਹੋਏ ਤਾਂ ਉਹਨਾਂ ਦੇ ਮਨ ਵਿੱਚ ਗਿਆਨ ਪ੍ਰਾਪਤ ਕਰਨ ਦੀ ਲਾਲਸਾ ਜਾਗੀ। ਪਰ ਕੋਈ ਵਿਦਵਾਨ ਉਹਨਾਂ ਦਾ ਗੁਰੂ ਬਣਨ ਲਈ ਤਿਆਰ ਨਹੀਂ ਸੀ ਕਿਉਂਕਿ ਕਬੀਰ ਜੀ ਦੀ ਜਾਤ ਨੀਵੀਂ ਸਮਝੀ ਜਾਂਦੀ ਸੀ। ਉਹਨਾਂ ਦਿਨਾਂ ਵਿਚ ਕਾਸ਼ੀ ਵਿੱਚ ਪੰਡਤ ਰਾਮਾਨੰਦ ਜੀ ਬੜੇ ਵੱਡੇ ਵਿਦਵਾਨ ਸਨ। ਉਹ ਜਾਤ-ਪਾਤ ਨੂੰ ਖ਼ਤਮ ਕਰਨ ਦਾ ਪ੍ਰਚਾਰ ਵੀ ਕਰਦੇ ਸਨ। ਜਦੋਂ ਕਬੀਰ ਜੀ ਨੇ ਉਹਨਾਂ ਕੋਲ਼ੋਂ ਸਿੱਖਿਆ ਲੈਣੀ ਚਾਹੀ ਤਾਂ ਉਹ ਵੀ ਕਬੀਰ ਜੀ ਨੂੰ ਸਿੱਖਿਆ ਦੇਣ ਤੋਂ ਇਨਕਾਰ ਕਰ ਗਏ। ਅਖ਼ੀਰ ਕਬੀਰ ਜੀ ਨੇ ਸਿੱਖਿਆ ਪ੍ਰਾਪਤ ਕਰਨ ਦਾ ਹੋਰ ਅਨੋਖਾ ਰਾਹ ਲੱਭਿਆ। ਕਬੀਰ ਜੀ ਨੂੰ ਪਤਾ ਸੀ ਕਿ ਰਾਮਾਨੰਦ ਜੀ ਰੋਜ਼ ਸਵੇਰੇ ਗੰਗਾ ਵਿੱਚ ਇਸ਼ਨਾਨ ਕਰਨ ਆਉਂਦੇ ਹਨ। ਇੱਕ ਦਿਨ ਉਹ ਸਵੇਰ ਮੂੰਹ-ਹਨੇਰੇ ਹੀ ਰਾਮਾਨੰਦ ਜੀ ਦੇ ਰਾਹ ਵਿਚ ਆ ਕੇ ਲੇਟ ਗਏ।

**1. ਕਬੀਰ ਜੀ ਨੇ ਪੰਡਤ ਰਾਮਾਨੰਦ ਜੀ ਤੋਂ ਹੀ ਸਿੱਖਿਆ ਲੈਣ ਦਾ ਮਨ ਕਿਉਂ ਬਣਾਇਆ?**

1. ਕਿਉਂਕਿ ਉਹ ਨਮੋਸ਼ੀ ਵਾਲ਼ਾ ਜੀਵਨ ਬਤੀਤ ਕਰ ਰਹੇ ਸਨ
2. ਕਿਉਂਕਿ ਉਹ ਕੱਪੜਾ ਬੁਣਾਈ ਦਾ ਕੰਮ ਕਰਦੇ ਸਨ
3. ਕਿਉਂਕਿ ਉਹ ਬੜੇ ਵੱਡੇ ਵਿਦਵਾਨ ਸਨ
4. ਕਿਉਂਕਿ ਰੋਜ਼ ਸਵੇਰੇ ਗੰਗਾ ਵਿੱਚ ਇਸ਼ਨਾਨ ਕਰਨ ਆਉਂਦੇ ਸਨ।

**2. ਪੰਦਰ੍ਹਵੀਂ ਸਦੀ ਵਿੱਚ ਕਿਨ੍ਹਾਂ ਨੂੰ ਸਿੱਖਿਆ ਦੇਣ ਲਈ ਕੋਈ ਤਿਆਰ ਨਹੀਂ ਸੀ?**

1. ਮਾਤਾ-ਪਿਤਾ ਦੋਵਾਂ ਨੂੰ    2. ਰਾਮਾਨੰਦ ਜੀ ਨੂੰ
3. ਗੰਗਾ ਕਿਨਾਰੇ ਦੇ ਲੋਕਾਂ ਨੂੰ    4. ਨੀਵੀਆਂ ਜਾਤਾਂ ਦੇ ਲੋਕਾਂ ਨੂੰ

**3. ਕੋਈ ਵਿਦਵਾਨ ਕਬੀਰ ਜੀ ਦਾ ਗੁਰੂ ਬਣਨ ਲਈ ਤਿਆਰ ਕਿਉਂ ਨਹੀਂ ਸੀ ਹੋਇਆ?**

1. ਕਬੀਰ ਜੀ ਨੀਵੀਂ ਜਾਤੀ ਦੇ ਸਨ    2. ਨੀਵੀਆਂ ਜਾਤਾਂ ਨੂੰ ਪੜ੍ਹਨ ਲਿਖਣ ਦੀ ਮਨਾਹੀ ਸੀ
3. 'ੳ' ਅਤੇ 'ਅ' ਦੋਵੇਂ    4. ਕਬੀਰ ਜੀ ਦੀ ਗਿਆਨ ਪ੍ਰਾਪਤੀ ਦੀ ਲਾਲਸਾ ਨਹੀਂ ਸੀ।

**4. ਕਬੀਰ ਜੀ ਮੂੰਹ ਹਨੇਰੇ ਹੀ ਰਾਮਾਨੰਦ ਜੀ ਦੇ ਰਾਹ ਵਿੱਚ ਕਿਉਂ ਲੇਟ ਗਏ?**

1. ਕਬੀਰ ਜੀ ਨੂੰ ਗਿਆਨ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ    2. ਕਬੀਰ ਜੀ ਨੂੰ ਸਿੱਖਿਆ ਪ੍ਰਾਪਤੀ ਲਈ ਇਹ ਰਾਹ ਸਹੀ ਲੱਗਾ
3. ਕਾਸ਼ੀ ਵਿੱਚ ਰਾਮਾਨੰਦ ਹੀ ਵੱਡੇ ਵਿਦਵਾਨ ਸਨ    4. ਉਪਰੋਕਤ ਸਾਰੇ।

**5. ਕਬੀਰ ਜੀ ਦੇ ਮਨ ਵਿੱਚ ਗਿਆਨ ਪ੍ਰਾਪਤ ਕਰਨ ਦੀ ਇੱਛਾ ਕਦੋਂ ਜਾਗੀ?**

1. ਬਚਪਨ ਵਿੱਚ    2. ਕਦੀ ਨਹੀਂ ਜਾਗੀ    3. ਵੱਡੇ ਹੋਣ 'ਤੇ    4. ਬੁਢਾਪੇ ਵਿੱਚ।

6) ਦਿੱਤੀਆਂ ਸੰਖਿਆਵਾਂ ਨੂੰ ਵੱਧਦੇ ਕ੍ਰਮ ਵਿੱਚ ਲਿਖੋ:

787, 778, 877, 878, 890, 900, 798, 809

A. 900, 798, 809, 787, 778, 877, 878, 890
B. 900, 890, 878, 877, 809, 798, 787, 778
C. 798, 787, 778, 890, 878, 877, 809, 900
D. 778, 787, 798, 809, 877, 878, 890, 900

7) 36 ਦਾ $\frac{4}{3}$ ਕੀ ਹੈ?

A. 27    B. 48    C. 9    D. 12

8) ਸੰਖਿਆ 64576 ਵਿੱਚ ਦੋਵੇਂ 6 ਦੇ ਸਥਾਨਕ ਮੁੱਲਾਂ ਦਾ ਜੋੜ ਪਤਾ ਕਰੋ।

A. 59994    B. 6006    C. 5994    D.60006

9) ਦਿੱਤੇ ਪੈਟਰਨ ਵਿੱਚ ਅਗਲੀ ਸੰਖਿਆ ਕੀ ਹੋਵੇਗੀ?

2, 6, 12, 20, 30, 42, 56, ........

A. 82    B. 72    C. 70    D. 68

10) ਅਮਨ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਖੜਾ ਹੈ। ਉਹ ਘੜੀ ਦੀ ਉਲਟ ਦਿਸ਼ਾ ਵੱਲ 180° ਤੇ ਘੁਮਦਾ ਹੈ। ਦੱਸੋ ਹੁਣ ਉਸਦਾ ਮੂੰਹ ਕਿਸ ਦਿਸ਼ਾ ਵੱਲ ਹੈ?

A. ਪੂਰਬ  B. ਪੱਛਮ  C. ਉੱਤਰ  D. ਦੱਖਣ


11) ਜਦੋਂ ਜਸਵੀਰ ਨੂੰ ਪੁਛਿਆ ਗਿਆ ਕਿ ਉਸਦੀ ਉਚਾਈ ਕਿੰਨੀ ਹੈ ਤਾਂ ਉਸਨੇ ਦੱਸਿਆ 1.8 ਮੀਟਰ ਦੱਸੋਂ ਉਸਦਾ ਉੱਤਰ ਹੇਠ ਦਿੱਤਿਆਂ ਵਿੱਚੋਂ ਕਿਸਦੇ ਬਰਾਬਰ ਹੈ?

A. 18 ਸਮ  B. 54 ਸਮ  C. 5.4 ਸਮ  D. 180 ਸਮ

12) ਦਿੱਤੀ ਆਕ੍ਰਿਤੀ ਦਾ ਖੇਤਰਫਲ ਪਤਾ ਕਰੋ।.

A. 132 ਵਰਗ ਮੀਟਰ  B. 148 ਵਰਗ ਮੀਟਰ

C. 180ਵਰਗ ਮੀਟਰ  D. 228 ਵਰਗ ਮੀਟਰ




13) ਜੇਕਰ ਦਿੱਤੇ ਜਾਦੂਈ ਵਰਗ ਵਿੱਚ ਹਰੇਕ ਖੜਵੀਂ ਅਤੇ ਹਰੇਕ ਲੇਟਵੀਂ ਕਤਾਰ ਵਿੱਚ ਸੰਖਿਆਵਾਂ ਦਾ ਜੋੜ ਬਰਾਬਰ ਹੈ ਤਾਂ ?' ਦੀ ਥਾਂ ਕਿਹੜੀ ਸੰਖਿਆ ਆਵੇਗੀ ?

A. 15  B. 8  C. 33  D. 18

| | | |
|---|---|---|
| 10 | ? | 8 |
| 9 | 11 | 13 |
| 14 | 7 | 12 |

14) ਦਿੱਤੇ ਚਿੱਤਰ ਵਿੱਚ' A' ਦਾ ਮੁੱਲ ਪਤਾ ਕਰੋ।

A. 4  B. 5

C. 1  D. 0

4 A 6
x 5
2 0 8 0

15) ਮੈਂ ਇੱਕ ਚਾਰ ਭੁਜਾਵਾਂ ਵਾਲੀ ਬੰਦ ਆਕ੍ਰਿਤੀ ਹਾਂ। ਮੇਰੀਆਂ ਸਾਰੀਆਂ ਭੁਜਾਵਾਂ ਬਰਾਬਰ ਹਨ। ਮੇਰੇ ਸਾਰੇ ਕੋਣ ਬਰਾਬਰ ਹਨ। ਮੈ ਹੇਠ ਲਿਖਿਆਂ ਵਿੱਚੋਂ ਮੈ ਕਿਹੜੀ ਆਕ੍ਰਿਤੀ ਹਾਂ?

A. ਆਇਤ  B. ਵਰਗ  C. ਤ੍ਰਿਭੁਜ  D. ਚੱਕਰ

16. ਸੀਮਾ ਨੂੰ ਹਲਕਾ ਬੁਖਾਰ ਅਤੇ ਖੰਘ ਹੈ।ਉਸਦੀ **ਮਾਤਾ ਜੀ** ਉਸਨੂੰ ਖੰਘਣ ਸਮੇਂ ਮੂੰਹ ਢੱਕਣ ਦੀ ਯਾਦ ਦਿਵਾਉਂਦੀ **ਹਨ** ਅਜਿਹਾ ਕਰਨਾ ਮਹੱਤਵਪੂਰਨ ਕਿਉਂ ਹੈ?

A) ਸ਼ੋਰ ਰੋਕਣ ਲਈ  B) ਹੋਰਾਂ ਤੱਕ **ਸੁਖਮਜੀਵ** ਪਹੁੰਚਣ ਤੋਂ ਰੋਕਣ ਲਈ

C) ਖੰਘਣ ਸਮੇਂ ਰਾਹਤ ਮਹਿਸੂਸ ਕਰਨ ਲਈ  D) ਆਪਣੇ ਹੱਥਾਂ ਨੂੰ ਗਰਮ ਰੱਖਣ ਲਈ

17. ਲੱਗਭਗ ਸਾਰੇ ਪੌਦਿਆਂ ਵਿੱਚ ਪਾਇਆ ਜਾਣ ਵਾਲਾ ਵਰਣਕ ਜੋ ਪ੍ਰਕਾਸ਼ ਸੰਸਲੇਸ਼ਣ ਕਿਰਿਆ ਵਿੱਚ ਮਦਦ ਕਰਦਾ ਹੈ, ਨੂੰ ਹੇਠਾਂ ਲਿਖਿਆਂ ਵਿੱਚੋਂ ਕੀ ਕਿਹਾ ਜਾਂਦਾ ਹੈ?

A) ਹੀਮੋਗਲੋਬਿਨ  B) ਕਲੋਰੋਫਿਲ  C) ਆਇਓਡੀਨ  D) ਸਟਾਰਚ

18. ਮੋਹਿਤ ਨੂੰ ਰਾਤ ਨੂੰ ਠੀਕ ਤਰਾਂ ਨਜ਼ਰ ਨਹੀਂ ਆਉਂਦਾ। ਉਸਦੇ ਅਧਿਆਪਕ ਨੇ ਉਸਨੂੰ ਕਿਹਾ ਕਿ ਉਸਨੂੰ ਵਿਟਾਮਿਨ-ਏ (A) ਭਰਪੂਰ ਭੋਜਨ ਖਾਣਾ ਚਾਹੀਦਾ ਹੈ। ਮੋਹਿਤ ਨੂੰ ਆਪਣੀ ਨਜ਼ਰ ਵਧਾਉਣ ਲਈ ਹੇਠਾਂ ਲਿਖਿਆਂ ਵਿੱਚੋਂ ਭੋਜਨ ਦੇ ਤੌਰ ਤੇ ਕੀ ਲੈਣਾ ਚਾਹੀਦਾ ਹੈ?

A) ਗਾਜਰ ਅਤੇ ਕੱਦੂ  B) **ਦਾਲਾਂ**  C) ਨਿੰਬੂ  D) ਸੌਫਟ ਡ੍ਰਿੰਕਸ

19. ਗਗਨ ਦੀ ਹੇਠ ਦਿੱਤਿਆਂ ਵਿੱਚੋਂ ਚੰਗੀ ਸਿਹਤ ਲਈ ਸੰਤੁਲਿਤ ਭੋਜਨ ਚੁਣਨ ਵਿੱਚ ਮਦਦ ਕਰੋ।

A) ਚਾਵਲ, ਸਬਜ਼ੀਆਂ, ਦਾਲ, ਅਤੇ ਸਲਾਦ  B) ਸਿਰਫ ਚਾਵਲ

C) ਸਿਰਫ ਇੱਕ ਚਾਕਲੇਟ ਬਾਰ  D) ਤਲੇ ਹੋਏ ਨਾਸ਼ਤੇ

20. ਇੱਕ ਕੁਦਰਤੀ ਦਸਤਾਵੇਜ਼ੀ ਫਿਲਮ ਦੇਖਦੇ ਸਮੇਂ ਤੁਸੀਂ ਇੱਕ ਪੰਛੀ **ਦੇਖਦੇ ਹੋ ਜੋ ਠੰਡੇ ਬਰਫ਼ੀਲੇ ਇਲਾਕੇ ਵਿੱਚ ਰਹਿੰਦੇ ਹਨ ਅਤੇ** ਉੱਡਣ ਦੀ ਥਾਂ, ਤੁਰਦੇ **ਹਨ**। ਇਹ ਪੰਛੀ **ਹੇਠਾਂ ਲਿਖਿਆ ਵਿੱਚੋਂ ਕਿਹੜੇ** ਹੋ **ਸਕਦੇ ਹਨ**?

A) ਚਿੜੀ  B) ਪੇਂਗੁਇਨ  C) ਕਾਂ  D) ਤੋਤਾ

21. ਭੋਜਨ ਲੜੀ ਵਿੱਚ ਇਹਨਾਂ ਵਿੱਚੋਂ ਕਿਹੜਾ ਜੀਵ ਆਮ ਤੌਰ ਤੇ ਸਭ ਤੋਂ ਹੇਠਲੇ ਆਹਾਰੀ ਪੱਧਰ ਤੇ ਹੁੰਦਾ ਹੈ?

A) ਮਾਸਾਹਾਰੀ  B) ਉਤਪਾਦਕ  C) ਸਰਬਆਹਾਰੀ  D) ਅਪਘਟਕ

22. ਭੋਜਨ ਲੜੀ ਵਿੱਚ ਮੁੱਖ ਊਰਜਾ ਸਰੋਤ ਕੀ ਹੈ?

A) ਪਾਣੀ B) ਮਿੱਟੀ C) ਸੂਰਜ D) ਹਵਾ

23. ਛੇਵੀਂ ਜਮਾਤ ਦੇ ਵਿਦਿਆਰਥੀ ਅਜਿਹੇ ਸਥਾਨ 'ਤੇ ਸੈਰ ਕਰਨ ਜਾਂਦੇ ਹਨ ਜਿੱਥੇ ਤਾਪਮਾਨ ਹਮੇਸ਼ਾ -10 ਡਿਗਰੀ ਸੈਲਸੀਅਸ ਤੋਂ -25 ਡਿਗਰੀ ਸੈਲਸੀਅਸ ਵਿਚਕਾਰ ਰਹਿੰਦਾ ਹੈ ।ਇਸ ਸਥਾਨ 'ਤੇ ਪਾਣੀ ਦੀ ਅਵਸਥਾ ਕੀ ਹੋਵੇਗੀ?

A) ਠੋਸ B) ਦ੍ਰਵ C) ਗੈਸ D) ਇਹਨਾਂ ਵਿੱਚੋਂ ਕੋਈ ਨਹੀਂ

24. ਹੇਠ ਲਿਖਿਆਂ ਵਿੱਚੋਂ ਪੌਦਿਆਂ ਵਿੱਚ ਗੈਸਾਂ ਦਾ ਆਦਾਨ ਪ੍ਰਦਾਨ ਮੁੱਖ ਤੌਰ ਤੇ ਕਿਸ ਦੀ ਮਦਦ ਨਾਲ ਹੁੰਦਾ ਹੈ ?

A) ਸਟੋਮੈਟਾ B) ਜੜ੍ਹ C) ਫੁੱਲ D) ਇਹਨਾਂ ਵਿੱਚੋਂ ਕੋਈ ਨਹੀਂ

25. ਹੇਠਾਂ ਲਿਖਿਆਂ ਵਿੱਚੋਂ ਪਾਣੀ ਵਿੱਚ ਰਹਿਣ ਵਾਲੇ ਪੌਦਿਆਂ ਦੇ ਸਮੂਹ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?


A) ਕੈਕਟਸ B) ਹਾਈਡਰੋਫਾਈਟਸ C) ਜ਼ੀਰੋਫਾਈਟਸ D) ਇਹਨਾਂ ਵਿੱਚੋਂ ਕੋਈ ਨਹੀਂ

26. ਸੁਰਜੀਤ ਦਾ ਛੇ ਸਾਲ ਦਾ ਛੋਟਾ ਭਰਾ ਮਨਜੀਤ ਗੱਲ -ਗੱਲ ਤੇ ਰੋਂਦਾ ਰਹਿੰਦਾ ਹੈ ਅਤੇ ਆਪਣੀ ਜ਼ਿੱਦ ਮਨਾਉਣ ਦੀ ਕੋਸ਼ਿਸ਼ ਕਰਦਾ ਹੈ। ਸੁਰਜੀਤ ਦੇ ਮਾਤਾ-ਪਿਤਾ ਇਸ ਕਰਕੇ ਬਹੁਤ ਪ੍ਰੇਸ਼ਾਨ ਵੀ ਰਹਿੰਦੇ ਹਨ। ਕੀ ਤੁਸੀ ਦੱਸ ਸਕਦੇ ਹੋ ਕਿ ਉਹ ਮਨਜੀਤ ਨੂੰ ਕਿਵੇਂ ਸੁਧਾਰ ਸਕਦੇ ਹਨ?

1. ਉਸ ਨੂੰ ਪਿਆਰ ਨਾਲ ਸਮਝਾ ਕੇ। 2. ਉਸ ਵਿੱਚ ਚੰਗੀਆਂ ਆਦਤਾਂ ਦਾ ਵਿਕਾਸ ਕਰਕੇ ।

3. ਉਸ ਨਾਲ ਵੱਧ ਤੋਂ ਵੱਧ ਵਕਤ ਬਿਤਾ ਕੇ। 4. ਉਪਰੋਕਤ ਸਾਰੇ ਹੀ।

27.ਭਾਰਤ ਦੇ ਨਕਸ਼ੇ ਵਿੱਚ ਦਰਸਾਏ ਗਏ ਛਾਇਆਦਾਰ ਰਾਜ ਦੀ ਪਹਿਚਾਣ ਕਰੋ।



1.ਰਾਜਸਥਾਨ

2.ਉੱਤਰ ਪ੍ਰਦੇਸ਼

3. ਪੰਜਾਬ

4.ਮੇਘਾਲਿਆ

28. ਨਾਲ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖੋ ਅਤੇ ਦੱਸੋ ਕਿ ਤਸਵੀਰ ਵਿੱਚ ਕਿਸ ਪ੍ਰਕਾਰ ਦੇ ਵਿਵਹਾਰ ਨੂੰ ਦਰਸਾਇਆ ਗਿਆ ਹੈ?

1. ਧੱਕੇ-ਮੁੱਕੀ ਵਾਲਾ 2. ਇੱਕ ਦੂਸਰੇ ਦੀ ਮਦਦ ਵਾਲਾ

3. ਗੁੱਸੇ ਵਾਲਾ 4. ਉਪਰੋਕਤ ਵਿੱਚੋਂ ਕੋਈ ਨਹੀਂ।




29. ਭਾਰਤ ਦੇ ਨਕਸ਼ੇ ਵਿੱਚ ਦਰਸਾਏ ਗਏ ਛਾਇਆਦਾਰ ਰਾਜ ਦੀ ਪਹਿਚਾਣ ਕਰੋ।

1.ਰਾਜਸਥਾਨ


2.ਪੱਛਮੀ ਘਾਟ

3. ਪੰਜਾਬ

4.ਮੇਘਾਲਿਆ



30. ਰਾਹੁਲ ਦਾ ਘਰ ਦੱਖਣ ਦਿਸ਼ਾ ਵਿੱਚ ਹੈ। ਉਹ ਆਪਣੇ ਘਰ ਤੋਂ ਨਿਕਲ ਕੇ ਲਾਇਬ੍ਰੇਰੀ ਵਿੱਚੋਂ ਕਿਤਾਬਾਂ ਲੈਂਦਾ ਹੈ। ਹੁਣ ਉਸਨੇ ਬੇਕਰੀ ਦੀ ਦੁਕਾਨ' ਤੇ ਜਾਣਾ ਹੈ। ਲਾਇਬ੍ਰੇਰੀ ਤੋਂ ਬੇਕਰੀ ਤੱਕ ਪਹੁੰਚਣ ਲਈ ਉਸਨੂੰ ਕਿਹੜੀ ਦਿਸ਼ਾ ਵੱਲ ਜਾਣਾ ਪਵੇਗਾ? ਚਿੱਤਰ ਦੀ ਸਹਾਇਤਾ ਨਾਲ ਦੱਸੋ।




1. ਪਹਿਲਾਂ ਦੱਖਣ, ਫਿਰ ਪੱਛਮ
2.ਪਹਿਲਾਂ ਉੱਤਰ, ਫਿਰ ਪੱਛਮ
3. ਪਹਿਲਾਂ ਪੂਰਬ,ਫਿਰ ਉੱਤਰ
4.ਪਹਿਲਾਂ ਦੱਖਣ, ਫਿਰ ਪੂਰਬ

31.ਰਮਨ ਦੇ ਘਰ ਦੇ ਬਾਹਰ ਗਲੀ ਵਿੱਚ ਇੱਕ ਛਾਂਦਾਰ ਦਰਖੱਤ ਉੱਗਿਆ ਹੈ, ਜਿਸ ਨਾਲ ਰਾਹਗੀਰਾਂ ਨੂੰ ਗਲੀ ਵਿੱਚੋਂ ਲੰਘਣ ਦੀ ਕੋਈ ਵੀ ਪ੍ਰੇਸ਼ਾਨੀ ਨਹੀਂ ਹੋ ਰਹੀ।ਫਿਰ ਵੀ ਰਮਨ ਦਾ ਭਰਾ ਉਸ ਦਰਖੱਤ ਨੂੰ ਪੁੱਟਣਾ ਚਾਹੁੰਦਾ ਹੈਪ੍ਰੰਤੂ ਰਮਨ ਵਾਤਾਵਰਨ ਪ੍ਰੇਮੀ ਹੋਣ ਕਾਰਨ ਇਸ ਦਰੱਖਤ ਨੂੰ ਪੁੱਟਣ ਵਿੱਚ ਸਹਿਮਤ ਨਹੀਂ ਹੈ। ਅਜਿਹੀ ਸਥਿਤੀ ਵਿੱਚ ਰਮਨ ਨੂੰ ਕੀ ਕਰਨਾ ਚਾਹੀਦਾ ਹੈ?

1. ਆਪਣੇ ਭਰਾ ਦੀ ਗੱਲ ਮੰਨਦੇ ਹੋਏਦਰਖੱਤ ਪੁੱਟ ਦੇਣਾ ਚਾਹੀਦਾਹੈ।
2. ਆਪਣੇ ਭਰਾ ਨੂੰ ਸਮਝਾਉਣਾ ਚਾਹੀਦਾ ਹੈ ਕਿ ਦਰਖੱਤ ਕੁਦਰਤ ਦੀ ਅਣਮੁੱਲੀ ਦੇਣ ਹਨ।
3.ਉਸਨੂੰ ਆਪਣੇ ਭਰਾ ਦੀ ਗੱਲ ਨਜ਼ਰ-ਅੰਦਾਜ਼ ਕਰ ਦੇਣੀ ਚਾਹੀਦੀ ਹੈ।
4. ਉਪਰੋਕਤ ਵਿੱਚੋਂ ਕੋਈ ਵੀ ਨਹੀਂ।

32. ਪੰਕਜ ਸ਼ਹਿਰ ਵਿੱਚ ਅਤੇ ਰੋਹਿਤ ਪਿੰਡ ਵਿੱਚ ਰਹਿੰਦਾ ਹੈ। ਰੋਹਿਤ, ਪੰਕਜ ਨੂੰ ਦੱਸਦਾ ਹੈ ਕਿਪੇਂਡੂ ਸਥਾਨਕ ਸਰਕਾਰ ਦੀਆਂ ਤਿੰਨ ਸੰਸਥਾਵਾਂ- ਗ੍ਰਾਮ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਹਨ। ਪੰਕਜ, ਰੋਹਿਤ ਨੂੰ ਪੁੱਛਦਾ ਹੈ ਕਿ ਪੇਂਡੂ ਸਥਾਨਕ ਸਰਕਾਰ ਦੀ ਸਭ ਤੋਂ ਹੇਠਲੀ ਸੰਸਥਾ ਕਿਹੜੀ ਹੈ। ਰੋਹਿਤ ਦਾ ਕੀ ਉੱਤਰ ਹੋਵੇਗਾ?

1. ਪੰਚਾਇਤ ਸੰਮਤੀ    2. ਗ੍ਰਾਮ ਪੰਚਾਇਤ    3. ਜ਼ਿਲ੍ਹਾ ਪ੍ਰੀਸ਼ਦ    4.ਨਗਰ ਨਿਗਮ

33. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਗਲਤ ਹੈ**?**

ਕਥਨ ੳ-ਬੱਚਿਆਂ ਤੋਂ ਖ਼ਤਰੇ ਵਾਲੇ ਕੰਮ ਨਹੀਂ ਕਰਵਾਉਣੇ ਚਾਹੀਦੇ।

ਕਥਨ ਅ- ਬੱਚਿਆਂ ਨੂੰ ਘਰਦੇ ਕਿਸੇ ਵੀ ਕੰਮ ਵਿੱਚ ਆਪਣੇ ਪਰਿਵਾਰ ਦੀ ਮਦਦ ਨਹੀਂ ਕਰਨੀ ਚਾਹੀਦੀ।


**1.**ਕਥਨ ੳ ਅਤੇ ਅ ਸਹੀ ਹਨ।    **2.**ਕਥਨ ੳ ਅਤੇ ਅ ਗ਼ਲਤ ਹਨ।
**3.**ਕਥਨ ੳ ਸਹੀ ਹੈ ਅਤੇ ਅ ਗਲਤ ਹੈ।    4. ਕਥਨ ੳ ਗਲਤ ਹੈ ਅਤੇ ਅ ਸਹੀ ਹੈ।

34. ਧਿਆਨ ਨਾਲ ਇਸ ਤਸਵੀਰ ਨੂੰ ਦੇਖੋ। ਇਹ ਤਸਵੀਰ ਭਾਰਤ ਦੇ ਰਾਸ਼ਟਰੀ ਜਾਨਵਰ ਟਾਈਗਰ ਦੀ ਹੈ। ਇਸਦੀ ਗਿਣਤੀ ਦਿਨੋਂ -ਦਿਨ ਘੱਟ ਹੁੰਦੀ ਜਾ ਰਹੀ ਹੈ । ਜਿਸ ਕਰਕੇ ਸਰਕਾਰ ਨੂੰ ਕਈ ਉਪਰਾਲੇ ਕਰਨੇ ਪੈ ਰਹੇ ਹਨ ।ਕੀ ਤੁਹਾਨੂੰ ਪਤਾ ਹੈ ਕਿ ਇਹ ਪ੍ਰਜਾਤੀ ਕਿਉਂ ਲੁਪਤ ਹੁੰਦੀ ਜਾ ਰਹੀ ਹੈ?



1. ਵੱਧ ਸ਼ਿਕਾਰ ਹੋਣ ਕਰਕੇ
2. ਜੰਗਲਾਂ ਦੀ ਲਗਾਤਾਰ ਕਟਾਈ ਕਰਕੇ
3. ਵਾਤਾਵਰਨ ਸੰਤੁਲਨ ਵਿਗੜਣ ਕਰਕੇ
4. ਉਪਰੋਕਤ ਸਾਰੇ

35 .ਭਾਰਤ ਦੇ ਨਕਸ਼ੇ ਵਿੱਚ ਦਿੱਤੇਸਥਾਨਦੀ ਪਹਿਚਾਣ ਕਰੋ?



1.ਚੇਨੱਈ    2.ਦਿੱਲੀ
3.ਮੁੰਬਈ    4.ਕੋਚੀਨ